# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ-ਪ੍ਰੋਜੈਕਟ ਡਾਇਰੈਕਟਰ

**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**

**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐੱਸ.ਏ.ਐੱਸ. ਨਗਰ (ਮੁਹਾਲੀ), ਪੰਜਾਬ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.), ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ)

ਮੀਮੋ ਨੰ : ਸਸਅ/ਐਚ.ਆਰ./E-55197/2024293364 ਮਿਤੀ : 14.11.2024

**ਵਿਸ਼ਾ : ਸਲਾਨਾ ਪਲਾਨ 2025-26 ਲਈ ਪੰਜਾਬ ਰਾਜ ਵਿੱਚ 3-19 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ (Out of School Children) ਦੀ ਸ਼ਨਾਖਤ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਲਾਨਾ ਪਲਾਨ 2025-26 ਲਈ 3-19 ਸਾਲ ਦੇ ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਘਰੋਂ-ਘਰੀ ਸਰਵੇਖਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਣੀ ਹੈ। ਇਸ ਮੁਹਿੰਮ ਅਧੀਨ ਸਕੂਲਾਂ ਵਿੱਚ ਕਦੇ ਵੀ ਦਾਖਲ ਨਾ ਹੋਏ ਜਾਂ ਆਪਣੀ ਮੁੱਢਲੀ ਸਿੱਖਿਆ ਪੂਰੀ ਕਰਨ ਤੋਂ ਪਹਿਲਾ ਸਕੂਲ ਛੱਡ ਚੁੱਕੇ ਸਾਰੇ ਬੱਚਿਆਂ ਦੀ ਸ਼ਨਾਖਤ ਇਸ ਘਰੋਂ-ਘਰੀ ਸਰਵੇਖਣ ਦੌਰਾਨ ਕੀਤੀ ਜਾਵੇਗੀ। ਸਰਵੇਖਣ ਦੌਰਾਨ ਪਿੰਡ/ਵਾਰਡ, ਆਲੇ-ਦੁਆਲੇ ਦੀਆਂ ਢਾਈਆਂ, ਭੱਠਿਆ, ਰੇਲਵੇ ਸ਼ਟੇਸ਼ਨਾਂ, ਬੱਸ ਸਟੈਂਡ, ਨਵੀਆਂ ਉਸਾਰੀਆਂ ਵਿੱਚ ਕੰਮ ਕਰਦੇ, ਪ੍ਰਵਾਸੀ ਅਤੇ ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਸਾਰਿਆਂ ਬੱਚਿਆਂ ਦਾ ਸਰਵੇਖਣ ਕੀਤਾ ਜਾਣਾ ਹੈ।

3.0 ਇਹ ਘਰੋਂ-ਘਰੀ ਸਰਵੇਖਣ ਮਿਤੀ 18.11.2024 ਤੋਂ 10.12.2024 ਦੇ ਦੌਰਾਨ ਕਰਵਾਇਆ ਜਾਣਾ ਹੈ।

4.0 ਇਹ ਸਰਵੇਖਣ ਸਕੂਲਾਂ ਵਿੱਚ ਕੰਮ ਕਰਦੇ ਐਸੋਸੀਏਟ ਟੀਚਰਾਂ,ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ. ਵਲੰਟੀਅਰਾਂ, ਸਿੱਖਿਆ ਪ੍ਰੋਵਾਈਡਰਾਂ ਵੱਲੋਂ ਕੀਤਾ ਜਾਵੇਗਾ। ਲੋੜ ਅਨੁਸਾਰ ਅਧਿਆਪਕਾਂ ਦੀਆਂ ਡਿਊਟੀਆਂ ਵੀ ਲਗਾਈਆ ਜਾ ਸਕਦੀਆਂ ਹਨ। ਸਰਵੇਖਣ ਸਬੰਧੀ ਵੇਰਵੇ ਲਾਜ਼ਮੀ ਸਿੱਖਿਆ ਅਤੇ ਪਿੰਡ/ ਵਾਰਡ ਸਿੱਖਿਆ ਰਜਿਸਟਰ ਵਿੱਚ ਦਰਜ ਕੀਤੇ ਜਾਣ ਤਾਂ ਜੋ ਸਨਾਖਤ ਕੀਤੇ ਬੱਚਿਆਂ ਦੀ ਵੈਰੀਫੀਕੇਸ਼ਨ ਸਮੇਂ-ਸਮੇਂ ਸਿਰ ਕੀਤੀ ਜਾ ਸਕੇ। ਘਰੋਂ-ਘਰੀ ਸਰਵੇਖਣ ਦੇ ਸਮੂਹ ਰਿਕਾਰਡ ਨੂੰ ਪਿੰਡ/ਵਾਰਡ ਦੇ ਸਕੂਲ ਮੁੱਖੀ ਅਤੇ ਸਕੂਲ ਮੈਨੇਜ਼ਮੈਂਟ ਕਮੇਟੀ ਵੱਲੋਂ ਮੈਨਟੇਨ ਕੀਤਾ ਜਾਵੇਗਾ।

5.0 ਬਲਾਕ ਅਧੀਨ ਆਉਂਦੇ ਸਮੂਹ ਖੇਤਰਾਂ ਦਾ ਸਰਵੇਖਣ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਦੀ ਨਿਗਰਾਨੀ ਹੇਠ ਕਰਵਾਇਆ ਜਾਣਾ ਹੈ। ਬੀ.ਪੀ.ਈ.ਓਜ਼. ਸੈਂਟਰ ਮੁੱਖ ਅਧਿਆਪਕਾਂ ਦੇ ਸਹਿਯੋਗ ਨਾਲ ਸਰਵੇਖਣ ਲਈ ਡਿਊਟੀਆਂ ਲਗਾਉਣਗੇ। ਸਰਵੇਖਣ ਲਈ ਸਰਵੇਖਣ ਕਰਤਾਵਾਂ ਵਿੱਚ ਖੇਤਰਾਂ ਦੀ ਤਰਕਸੰਗਤ ਵੰਡ ਯਕੀਨੀ ਬਣਾਈ ਜਾਵੇ।

6.0 ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ/ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਉਹਨਾਂ ਦੇ ਸਕੂਲ ਨਾਲ ਲੱਗਦਾ ਕੋਈ ਵੀ ਖੇਤਰ ਸਰਵੇਖਣ ਤੋਂ ਵਾਂਝਾ ਨਹੀਂ ਰਿਹਾ ਹੈ।

7.0 ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਕਮ ਜਿਲ੍ਹਾ ਨੋਡਲ ਅਧਿਕਾਰੀ (OoSC) ਜ਼ਿਲ੍ਹੇ ਦੇ ਸਾਰੇ ਖੇਤਰਾਂ ਦਾ ਸਰਵੇਖਣ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ। ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਸਮੂਹ ਬੀ.ਪੀ.ਈ.ਓਜ. ਅਤੇ ਲੋੜ ਅਨੁਸਾਰ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਲੋੜੀਂਦਾ ਤਾਲਮੇਲ ਕਰਕੇ ਸਰਵੇਖਣ ਦੇ ਕੰਮ ਨੂੰ ਨੇਪਰੇ ਚਾੜ੍ਹਨਗੇ।

8.0 Ministry of Education ਅਤੇ ਪੰਜਾਬ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਘਰੋਂ-ਘਰੀ ਸਰਵੇਖਣ ਦੌਰਾਨ ਪਿੰਡ/ਵਾਰਡ ਜਾਂ ਉਹਨਾਂ ਦੇ ਆਲੇ-ਦੁਆਲੇ ਦੀਆਂ ਢਾਣੀਆਂ, ਭੱਠਿਆ, ਰੇਲਵੇ ਸ਼ਟੇਸ਼ਨ, ਬੱਸ ਸਟੈਂਡ, Children of Construction Workers, Children of Migrant Families, Children of Nomadic Tribes, Children at Traffic Signals, Living or working in Streets, Children without Adult Protection, Under Flyovers, Children working as Domestic Help, Children working in Dhabhas, Eateries, Garages, Rag Pickers, Children of Pavement Dwellers, ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਅਸੁਰੱਖਿਅਤ ਵਰਗ ਦੇ ਬੱਚਿਆਂ ਦੀ ਸ਼ਨਾਖਤ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਸਰਵੇਖਣ ਦੌਰਾਨ ਉਕਤ ਦਰਸਾਏ ਸਾਰੇ ਖੇਤਰਾਂ/ਬੱਚਿਆਂ ਦਾ ਸਰਵੇ ਕੀਤਾ ਜਾਵੇ।

9.0 ਇਹ ਵੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਬਹੁਤ ਸਾਰੇ ਵਿਭਾਗਾਂ ਵੱਲੋਂ ਆਪਣੀਆਂ ਵੱਖ-ਵੱਖ ਸਕੀਮਾਂ ਅਧੀਨ ਨਿਯਮਿਤ ਸਰਵੇਖਣ ਕਰਵਾਏ ਜਾਂਦੇ ਹਨ ਅਤੇ ਸਕੂਲੋਂ ਵਿਰਵੇ ਬੱਚਿਆਂ ਨਾਲ ਸੰਬੰਧਿਤ ਜ਼ਰੂਰੀ ਵੇਰਵੇ ਰਿਕਾਰਡ ਕੀਤੇ ਜਾਂਦੇ ਹਨ। ਇਸ ਲਈ ਸੰਬੰਧਿਤ ਵਿਭਾਗ ਜਿਵੇਂ ਕਿਰਤ ਵਿਭਾਗ (ਬਾਲ ਮਜ਼ਦੂਰ, ਪ੍ਰਵਾਸੀ ਮਜ਼ਦੂਰ), ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ (ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਤਹਿਤ ਸਕੂਲੋਂ ਵਿਰਵੇ ਬੱਚੇ), ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ (Children in Street Situation ਅਤੇ ਹੋਰ ਕਰਵਾਏ ਸਰਵੇਖਣ) ਨਾਲ ਯੋਗ ਤਾਲਮੇਲ ਇਸ ਮੁਹਿੰਮ ਵਿੱਚ ਲਾਹੇਵੰਦ ਸਾਬਿਤ ਹੋ ਸਕਦਾ ਹੈ। ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਇਨ੍ਹਾਂ ਵਿਭਾਗਾਂ ਦੇ ਅਧਿਕਾਰੀਆਂ/ਨੁਮਾਇੰਦਿਆਂ ਨਾਲ ਯੋਗ ਤਾਲਮੇਲ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

10.0 ਸਰਵੇਖਣ ਸੰਬੰਧੀ ਜ਼ਰੂਰੀ ਨਿਰਦੇਸ਼ ਅਤੇ ਸਰਵੇ ਸੰਬੰਧੀ ਲੋੜੀਂਦੇ ਪ੍ਰੋਫਾਰਮੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਦੀ ਈ.ਮੇਲ ਆਈ.ਡੀ. ਤੇ ਸਾਂਝੇ ਕੀਤੇ ਜਾਣਗੇ।

11.0 **Verification Process:**

- ਪ੍ਰਾਇਮਰੀ ਸਕੂਲਾਂ ਦੇ ਹੈੱਡ ਟੀਚਰ/ਇੰਚਾਰਜ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਸਕੂਲ ਦੇ ਆਲੇ-ਦੁਆਲੇ ਸਾਰੇ ਖੇਤਰ ਦਾ ਸਰਵੇਖਣ ਕੀਤਾ ਜਾਣਾ ਯਕੀਨੀ ਬਣਾਉਣਗੇ। ਸਕੂਲ ਦੇ ਆਲੇ-ਦੁਆਲੇ ਉਕਤ ਦਰਸਾਏ ਅਨੁਸਾਰ ਕੋਈ ਵੀ ਖੇਤਰ/ਬੱਚਾ ਸਰਵੇਖਣ ਤੋ ਵਾਂਝਾ ਨਹੀਂ ਰਹਿਣਾ ਚਾਹੀਦਾ।
- ਮਿਡਲ ਸਕੂਲਾਂ ਦੇ ਮੁੱਖੀ/ਇੰਚਾਰਜ ਦੀ ਜ਼ਿੰਮੇਵਾਰੀ ਹੋਵੇਗੀ ਕਿ ਆਪਣੇ 3 ਕਿਲੋਮੀਟਰ ਦੇ ਏਰੀਏ ਵਿੱਚ ਆਉਣ ਵਾਲੇ ਸਾਰੇ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਕਰਵਾਉਣਾ ਸੁਨਿਸ਼ਚਿਤ ਕਰਨਗੇ। ਇਸ ਲਈ ਉਹ ਪ੍ਰਾਇਮਰੀ ਸਕੂਲਾਂ ਵੱਲੋਂ ਪ੍ਰਾਪਤ ਸਰਵੇ ਦਾ 10% ਡਾਟਾ cross ਚੈੱਕ ਕਰਨਗੇ ਅਤੇ ਨਾਲ-ਨਾਲ ਉਹ ਰਹਿੰਦੇ ਏਰੀਏ ਦਾ ਸਰਵੇਖਣ ਆਪਣੇ ਪੱਧਰ ਤੇ ਕਰਵਾਕੇ ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦੀ ਰਿਪੋਰਟ ਸੰਬੰਧਤ ਬੀ.ਪੀ.ਈ.ਓ. ਨੂੰ ਪੁੱਜਦੀ ਕਰਨਗੇ।

- ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ ਆਪਣੇ ਸਕੂਲ ਦੇ 5 ਕਿਲੋਮੀਟਰ ਦੇ ਏਰੀਏ ਵਿੱਚ ਆਉਣ ਵਾਲੇ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਕਰਵਾਉਣਾ ਸੁਨਿਸ਼ਚਿਤ ਕਰਨਗੇ। ਇਸ ਲਈ ਉਹ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਤੋਂ ਪ੍ਰਾਪਤ ਸਰਵੇ ਦਾ 10% ਡਾਟਾ cross ਚੈੱਕ ਕਰਨਗੇ ਅਤੇ ਨਾਲ-ਨਾਲ ਉਹ ਰਹਿੰਦੇ ਏਰੀਏ ਦਾ ਸਰਵੇਖਣ ਆਪਣੇ ਪੱਧਰ ਤੇ ਕਰਵਾਕੇ ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦੀ ਰਿਪੋਰਟ ਸੰਬੰਧਤ ਬੀ.ਪੀ.ਈ.ਓ. ਨੂੰ ਪੁੱਜਦੀ ਕਰਨਗੇ।

*12.0* ਹਰੇਕ ਬੀ.ਪੀ.ਈ.ਓ. ਘਰੋਂ-ਘਰੀ ਸਰਵੇਖਣ ਮੁਕੰਮਲ ਹੋਣ ਉਪਰੰਤ ਸਮੂਹ ਪ੍ਰਾਇਮਰੀ, ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਤੋਂ ਪ੍ਰਾਪਤ ਸਕੂਲੋਂ ਵਿਰਵੇ ਬੱਚਿਆ ਦੇ ਲੋੜੀਂਦੇ ਡਾਟੇ ਦੀ ਡਾਟਾ ਐਂਟਰੀ ਮਿਤੀ 13.12.2024 ਤੱਕ Child Tracking System ਅਤੇ PRABANDH Portal (2025-26) 'ਤੇ ਅਪਡੇਟ ਕਰਨਗੇ। ਪੋਰਟਲ ਤੇ ਡਾਟਾ ਐਂਟਰੀ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਤਰੁੱਟੀ/ਉਣਤਾਈ ਲਈ ਸੰਬੰਧਤ ਬੀ.ਪੀ.ਈ.ਓ. ਜ਼ਿੰਮੇਵਾਰ ਹੋਣਗੇ।

**13.0** ਘਰੋਂ-ਘਰੀ ਸਰਵੇਖਣ ਦੀ ਜ਼ਿਲ੍ਹਾਵਾਰ ਮੁਕੰਮਲ ਰਿਪੋਰਟ ਅਤੇ ਸਰਟੀਫਿਕੇਟ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਦੇ ਹਸਤਾਖਰਾਂ ਅਧੀਨ ਮਿਤੀ 16.12.2024 ਤੱਕ ਮੁੱਖ ਦਫਤਰ ਦੀ ਈ-ਮੇਲ ਆਈ.ਡੀ.ooscpunjab@punjabeducation.gov.in'ਤੇ ਭੇਜੇ ਜਾਣ।

ਪਰਮਿੰਦਰਪਾਲ ਸਿੰਘ ਸੰਧੂ (ਆਈ.ਏ.ਐੱਸ.)
ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ : ਉਕਤ ਮਿਤੀ : 14.11.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ.ਟੂ. ਡੀ.ਜੀ.ਐੱਸ.ਈ. ਪੰਜਾਬ।
2. ਡਾਇਰੈਕਟਰ ਐਜੂਕੇਸ਼ਨ ਸਕੂਲ ਸਿੱਖਿਆ (ਐ.ਸਿੱ)
3. ਡਾਇਰੈਕਟਰ ਐਜੂਕੇਸ਼ਨ ਸਕੂਲ ਸਿੱਖਿਆ (ਸੈ.ਸਿੱ)
4. ਸਮੂਹ ਡਿਪਟੀ ਕਮਿਸ਼ਨਰਜ਼ (ਪੰਜਾਬ) ਜੀ ਨੂੰ ਪੱਤਰ ਦਾ ਉਤਾਰਾ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਹਨਾਂ ਅਧੀਨ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਕੂਲੋਂ ਵਿਰਵੇ ਬੱਚਿਆਂ (Out of School Children) ਦੀ ਸ਼ਨਾਖਤ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ/ਸੈ.ਸਿੱ) ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਨੂੰ ਬਣਦਾ ਸਹਿਯੋਗ ਦੇਣ ਲਈ ਹਦਾਇਤ ਕੀਤੀ ਜਾਵੇ ਤਾਂ ਜੋ ਇਹਨਾਂ ਵਿਭਾਗਾਂ ਵੱਲੋਂ ਆਪਣੀਆਂ ਸਕੀਮਾਂ ਅਨੁਸਾਰ ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦੇ ਵੇਰਵੇ ਸਰਵੇਖਣ ਵਿੱਚ ਦਰਜ ਕੀਤੇ ਜਾ ਸਕਣ।
5. ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)-ਕਮ- ਨੋਡਲ ਅਧਿਕਾਰੀ (**OoSC**)

4\. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ, ਪੰਜਾਬ।

## ਸਰਵੇਖਣ ਸੰਬੰਧੀ ਜ਼ਰੂਰੀ ਨਿਰਦੇਸ਼

### I. ਸਰਵੇਖਣ ਕਰਤਾ ਲਈ ਜ਼ਰੂਰੀ ਨਿਰਦੇਸ਼:

1) ਸਰਵੇਖਣ ਵਿੱਚ 3 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਣਾ ਹੈ। ਸਰਵੇਖਣ ਦੌਰਾਨ ਪਿੰਡ/ਵਾਰਡ ਜਾਂ ਉਹਨਾਂ ਦੇ ਆਲੇ-ਦੁਆਲੇ ਦੀਆਂ ਢਾਣੀਆਂ, ਭੱਠਿਆ, ਰੇਲਵੇ ਸ਼ਟੇਸ਼ਨ, ਬੱਸ ਸਟੈਂਡ ਦੇ ਨਾਲ-ਨਾਲ, Children of construction workers, children of migrate Families, children of nomadic tripes, children at traffic signals, Living or Working in streets, Children without Adult Protection, Under flyovers, children working as Domestic Help, children Working in Dhabhas, Eateries, garages, Rag Picker, Children of pavement dwellers, ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਅਸੁਰੱਖਿਅਤ ਵਰਗ ਦੇ ਬੱਚਿਆਂ ਦੀ ਸ਼ਨਾਖਤ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਸਾਰੇ ਖੇਤਰਾਂ ਦਾ ਸਰਵੇਖਣ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।
2) ਸਰਵੇਖਣ ਲਈ ਕਦੇ ਵੀ ਸਕੂਲ ਵਿੱਚ ਦਾਖਲ ਨਾ ਹੋਇਆ ਭਾਵ Never Enrolled ਅਤੇਮੁੱਢਲੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਸਕੂਲ ਛੱਡ ਚੁੱਕੇ (Dropouts) ਸਾਰੇ ਬੱਚਿਆਂ ਨੂੰ ਸਕੂਲੋਂ ਵਿਰਵੇ ਬੱਚੇ ਮੰਨਿਆ ਜਾਵੇਗਾ। ਸਰਵੇਖਣ ਦੌਰਾਨ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਵੀ ਕਵਰ ਕੀਤਾ ਜਾਣਾ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ Disability ਦੀ ਕਿਸਮਜ਼ਰੂਰ ਦਰਸਾਈ ਜਾਵੇ।
3) ਸਕੂਲ ਮੈਨਜ਼ਮੈਂਟ ਕਮੇਟੀ (SMC) ਦੇ ਮੈਂਬਰਾਂ ਦਾ ਲੋੜੀਂਦਾ ਸਹਿਯੋਗ ਲਿਆ ਜਾਵੇ ਅਤੇ ਉਹਨਾਂ ਨੂੰ ਸਰਵੇਖਣ ਦੀ ਮਹੱਤਤਾ ਅਤੇ ਮੰਤਵ ਬਾਰੇ ਜਾਗਰੂਕ ਕੀਤਾ ਜਾਵੇ।
4) ਸਰਵੇਖਣ ਦਾ ਕੰਮ ਮਿਤੀ: 18.11.2024 ਤੋਂ 10.12.2024 ਤੱਕ ਮੁਕੰਮਲ ਕਰਕੇ ਸੂਚੀਆਂ ਸੰਬੰਧਿਤ ਸਕੂਲ ਮੁਖੀਆਂ ਨੂੰ ਮੁਹੱਇਆ ਕਰਵਾਈਆਂ ਜਾਣ।

### II. ਸਕੂਲ/ਕਲੱਸਟਰ ਮੁੱਖੀ ਲਈ ਨਿਰਦੇਸ਼:

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਮਿ.ਸ./ਸ.ਹ.ਸ./ਸ.ਸ.ਸ.ਸ. ਦੇ ਸਕੂਲ ਮੁੱਖੀ/ਇੰਚਾਰਜ ਦੀ ਦੇਖ ਰੇਖ ਹੇਠ ਕਰਵਾਇਆ ਜਾਣਾ ਹੈ।
2) ਸਕੂਲ ਮੁੱਖੀ ਸਰਵੇਖਣ ਕਰਤਾਨੂੰ ਲੋੜੀਂਦੇ ਫਾਰਮ ਸੰਬੰਧਿਤ ਬੀ.ਪੀ.ਈ.ਓ. ਤੋਂ ਉਪਲਬੱਧ ਕਰਵਾਕੇ ਦੇਵੇਗਾ ਅਤੇ ਸਮੇਂ-ਸਮੇਂ ਸਰਵੇਖਣ ਦੇ ਕੰਮ ਨੂੰ ਮੋਨੀਟਰ ਕਰੇਗਾ।
3) ਸਕੂਲ ਮੁੱਖੀ ਸਰਵੇਖਣ ਕਰਤਾਤੋਂ ਸਰਵੇ ਸੰਬੰਧੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਬੱਚਿਆਂ ਦੇ ਵੇਰਵਿਆ ਦਾ ਰਿਕਾਰਡ ਲਾਜ਼ਮੀ ਅਤੇ ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿੱਚ ਦਰਜ ਕਰਨਗੇ।ਨਵੇਂ ਲੱਭੇ/ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਵਰਤਮਾਨ ਸਟੇਟਸ ਵੀ ਰਜਿਸਟਰਾਂ ਵਿਚ ਦਰਜ ਕਰਨਾ ਸਕੂਲਮੁੱਖੀ ਦੀ ਜ਼ਿੰਮੇਵਾਰੀ ਹੋਵੇਗੀ।
4) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਸੈਂਟਰ ਹੈੱਡ ਟੀਚਰ ਵੱਲੋਂ ਕੀਤੀ ਜਾਵੇਗੀ। ਸੈਂਟਰ ਮੁੱਖ ਅਧਿਆਪਕ ਵੈਰੀਫਿਕੇਸ਼ਨ ਦੌਰਾਨ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣਗੇ ਕਿ ਕੋਈ ਵੀ ਖੇਤਰ ਛੱਡਿਆ ਨਹੀਂ ਗਿਆ ਅਤੇ ਸ਼ਨਾਖਤ ਕੀਤੇ ਬੱਚਿਆਂ ਦੇ ਵੇਰਵੇ ਸਹੀ ਅਤੇ ਦਰੁਸਤ ਹਨ। ਵੈਰੀਫਿਕੇਸ਼ਨ ਉਪਰੰਤ ਜੇਕਰ ਇਹ ਪਾਇਆ ਜਾਂਦਾ ਹੈ ਕਿ ਕੋਈ ਖੇਤਰ ਜਾਂ ਬੱਚਾ (ਸਮੇਤ ਪੱਤਰ ਦੇ ਲੜੀ ਨੰ. 8.0 'ਤੇ ਦਰਸਾਏ ਅਨੁਸਾਰ) ਸਰਵੇਖਣ ਤੋਂ ਵਾਂਝਾ ਰਹਿ ਗਿਆ ਹੈ ਤਾਂ ਸੰਬੰਧਿਤ ਸੈਂਟਰ ਮੁੱਖ ਅਧਿਆਪਕ ਆਪਣੇ ਪੱਧਰ ਤੇ ਰਹਿੰਦੇ ਖੇਤਰ ਦਾ ਸਰਵੇਖਣ ਕਰਵਾਉਣਗੇ

ਅਤੇ ਇਸ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਬੱਚਿਆਂ ਦੇ ਵੇਰਵੇ ਬੀ.ਪੀ.ਈ.ਓ. ਨੂੰ ਤਸਦੀਕ ਕਰਕੇ ਭੇਜਣਗੇ।

5) ਹਰੇਕ ਸੈਂਟਰ ਮੁੱਖ ਅਧਿਆਪਕ ਆਪਣੇ ਅਧੀਨ ਸਕੂਲ ਮੁਖੀਆਂ/ਇੰਚਾਰਜਾਂ ਤੋਂ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸੂਚਨਾ ਇੱਕਤਰ ਕਰਕੇਬੀ.ਪੀ.ਈ.ਓ ਨੂੰ ਜਮ੍ਹਾਂ ਕਰਵਾਉਣਗੇ।

**III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਨਿਰਦੇਸ਼:-**

1) ਬੀ.ਪੀ.ਈ.ਓ. ਵੱਲੋਂ ਸੈਂਟਰ ਮੁੱਖ ਅਧਿਆਪਕਾਂ ਰਾਹੀਂ ਸਰਵੇਖਣ ਸੰਬੰਧੀ ਪ੍ਰੋਫਾਰਮੇ ਸਕੂਲ ਮੁੱਖੀਆਂ ਨੂੰ ਮੁਹੱਇਆ ਕਰਵਾਏ ਜਾਣਗੇ। ਡਾਟਾ ਐਂਟਰੀ ਆਪਰੇਟਰ-ਕਮ-ਆਫਿਸ ਅਸਿਸਟੈਂਟ ਰਾਹੀਂ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਸਕੂਲੋਂ ਵੇਰਵੇ ਬੱਚਿਆਂ ਦੀ ਡਾਟਾ ਐਂਟਰੀ ਦਾ ਕੰਮ ਮਿਤੀ 13.12.2024 ਤੱਕ ਮੁਕੰਮਲ ਕਰਵਾਉਣਗੇ।

2) ਡਾਟਾ ਐਂਟਰੀ ਲਈ ਸੰਬੰਧਤਾਂ ਨੂੰ ਟ੍ਰੇਨਿੰਗ ਜ਼ਿਲ੍ਹਾ ਐੱਮ.ਆਈ.ਐੱਸ ਕੋਆਰਡੀਨੇਟਰ ਵੱਲੋਂ ਦਿੱਤੀ ਜਾਵੇਗੀ। ਹਰੇਕ ਬਲਾਕ ਲਈ ਵੱਖਰਾ Login-ID ਅਤੇ Password ਦਿੱਤਾ ਜਾਵੇਗਾ।

3) ਸਰਵੇਖਣ ਦੇ ਕੰਮ ਨੂੰ ਸਮੇਂ-ਸਿਰ ਪੂਰਾ ਕਰਨਾ, ਸ਼ਨਾਖਤ ਕੀਤੇ ਬੱਚਿਆਂ ਦੀ ਸਹੀ ਡਾਟਾ ਐਂਟਰੀ ਕਰਵਾਉਣਾ ਅਤੇ ਪੂਰੇ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜ਼ਿੰਮੇਵਾਰੀ ਸੰਬੰਧਤ ਬੀ.ਪੀ.ਈ.ਓ. ਦੀ ਹੋਵੇਗੀ।

4) ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ 10% ਸੈਂਪਲ ਚੈਕਿੰਗ ਬੀ.ਪੀ.ਈ.ਓ. ਵੱਲੋਂ ਕੀਤੀ ਜਾਵੇਗੀ।

5) ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਨੂੰ ਇਹ ਸਰਟੀਫਿਕੇਟ ਦੇਣਗੇ ਕਿ ਉਹਨਾਂ ਦੇ ਬਲਾਕ ਅਧੀਨਸਾਰੇ ਪਿੰਡਾਂ/ਵਾਰਡਾਂ ਅਤੇ ਹੋਰ ਖੇਤਰਾਂ (ਸਮੇਤ ਪੱਤਰ ਦੇ ਲੜੀ ਨੰ. 8.0 ਵਿੱਚ ਦਰਸਾਏ ਅਨੁਸਾਰ) ਨੂੰ ਘਰੋਂ-ਘਰੀ ਸਰਵੇਖਣ ਦੌਰਾਨ ਕਵਰ ਕਰ ਲਿਆ ਗਿਆ ਹੈ। ਜ਼ਿਲ੍ਹੇ ਵਿਚ 3 ਤੋਂ 19 ਉਮਰ ਗਰੁੱਪ ਦਾ ਕੋਈ ਵੀ ਬੱਚਾ ਸਰਵੇਖਣ ਤੋਂ ਵਾਂਝਾ ਨਹੀਂ ਰਿਹਾ ਹੈ। ਸਾਰੇ ਸਕੂਲੋਂ ਵਿਰਵੇ ਬੱਚਿਆਂ ਦੇ ਵੇਰਵੇ ਸੰਬੰਧਿਤ ਪ੍ਰੋਫਾਰਮੇ ਵਿੱਚ ਦਰਜ ਕਰ ਲਏ ਗਏ ਹਨ।

**IV. ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਲਈ ਨਿਰਦੇਸ਼:-**

1) ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਜ਼ਿਲ੍ਹੇ ਅਧੀਨ ਸਮੂਹ ਬਲਾਕਾਂ, ਸੈਂਟਰਾਂ, ਸਕੂਲਾਂ ਦੇ ਨਾਲ ਲੱਗਦੇ ਸਾਰੇ ਖੇਤਰਾਂ ਅਤੇ ਪੱਤਰ ਦੇ ਲੜੀ ਨੰ. 8.0 ਤੇ ਦਰਸਾਏ ਅਨੁਸਾਰ ਬੱਚਿਆਂ/ਖੇਤਰਾਂ ਦਾ ਸਰਵੇ ਕੀਤਾ ਜਾਣਾ ਯਕੀਨੀ ਬਣਾਉਣਗੇ। ਸਕੂਲ ਮੁਖੀਆਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਗੇ।

2) ਸਰਵੇਖਣ ਲਈ ਲੋੜੀਂਦੇ ਸਟਾਫ਼ ਦੀ ਤੈਨਾਤੀ ਲਈ ਬੀ.ਪੀ.ਈ.ਓਜ਼.ਸੈਂਟਰ, ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲ ਸਾਹਿਬਾਨਾਂ ਨਾਲ ਮੀਟਿੰਗ ਕਰਕੇ ਘਰੋਂ-ਘਰੀ ਸਰਵੇਖਣ ਯੋਗ ਢੰਗ ਨਾਲ ਮੁਕੰਮਲ ਕਰਵਾਉਣਗੇ। ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਐਸੋਸੀਏਟ ਟੀਚਰਾਂ, ਏ.ਆਈ.ਈ./ਈ.ਜੀ.ਐੱਸ./ਐੱਸ.ਟੀ.ਆਰ.ਵਲੰਟੀਅਰਾਂ ਅਤੇ ਸਿੱਖਿਆ ਪ੍ਰੋਵਾਈਡਰਾਂ/ਅਧਿਆਪਕਾਂਤੋਂ ਸਰਵੇਖਣ ਕਰਵਾਉਣ ਦੀ ਜ਼ਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਹੋਵੇਗੀ।

3) National Commission for Protection of Child Rights ਅਤੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਹਦਾਇਤਾਂ ਅਨੁਸਾਰਸਕੂਲੋਂ ਵਿਰਵੇ ਬੱਚਿਆਂ ਲਈ ਜ਼ਿਲ੍ਹਾ ਪੱਧਰ ਤੇ ਉਪ ਜ਼ਿਲ੍ਹਾ ਸਿੱਖਿਆ

ਅਫ਼ਸਰ (ਐ.ਸਿੱ) ਸਾਹਿਬਾਨਾਂ ਨੂੰ ਜ਼ਿਲ੍ਹਾ ਨੋਡਲ ਅਧਿਕਾਰੀ (OoSC) ਤੈਨਾਤ ਕੀਤਾ ਗਿਆ ਹੈ। ਇਸ ਲਈ ਜ਼ਿਲ੍ਹਾ ਨੋਡਲ ਅਧਿਕਾਰੀਆਂ ਵੱਲੋਂ ਸਰਵੇਖਣ ਅਤੇ ਸਰਵੇਖਣ ਉਪਰੰਤ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਨੋਡਲ ਅਧਿਕਾਰੀ ਇਸ ਸਰਵੇਖਣ ਨੂੰ ਯੋਗ ਢੰਗ ਨਾਲ ਮੋਨੀਟਰ ਕਰਨ ਅਤੇ ਘਰੋਂ-ਘਰੀ ਸਰਵੇਖਣ ਦੀ ਰਿਪੋਰਟ Google sheet 'ਤੇ ਰੋਜ਼ਾਨਾ ਅਪਡੇਟ ਕਰਨਾ ਯਕੀਨੀ ਬਣਾਉਣਗੇ।

4) ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਕੰਪੋਨੈਂਟ ਅਧੀਨ ਕੰਮ ਕਰਦੇ ਏ.ਪੀ.ਸੀ. (ਜਨਰਲ) ਨੂੰ ਸਰਵੇਖਣ ਕਰਵਾਉਣ, ਉਮਰ ਗਰੁੱਪ ਅਨੁਸਾਰ ਬੱਚਿਆਂ ਦੇ ਵੇਰਵਿਆਂ ਦਾ ਮਿਲਾਨ ਰੱਖਣ, ਸਰਵੇਖਣ ਉਪਰੰਤ Direct Enrollment ਕਰਵਾਉਣੀ ਅਤੇ ਸਪੈਸ਼ਲ ਟ੍ਰੇਨਿੰਗ ਵਾਲੇ ਬੱਚਿਆਂ ਦੀ Enrollment, Attendance, Evaluation ਅਤੇ Mainstreaming ਅਤੇ ਹੋਰ ਜ਼ਰੂਰੀ ਕੰਮਾਂ ਲਈਕਾਰਵਾਈ ਮਿੱਥੇ ਸਮੇਂ ਵਿੱਚ ਕਰਨ ਲਈ ਨੋਟ ਕਰਵਾਉਣਗੇ।

5) PRABANDH Portal ਅਤੇ Child Tracking System ਤੇ ਡਾਟਾ ਮਿੱਥੇ ਸਮੇਂ ਦੌਰਾਨ ਅਪਡੇਟ ਕਰਨਾ ਅਤੇ ਵੈਰੀਫਾਈ ਕਰਨਾ ਯਕੀਨੀ ਬਣਾਉਣਗੇ।

6) ਸਰਵੇਖਣ ਦੌਰਾਨ ਸ਼ਨਾਖਤ ਕੀਤੇ ਬੱਚਿਆਂ ਦੀ 10%ਸੈਂਪਲ ਚੈਕਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਵੱਲੋਂ ਕੀਤੀ ਜਾਵੇਗੀ।

7) ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਮੁੱਖ ਦਫ਼ਤਰ ਦੀ ਈ.ਮੇਲ ਆਈ.ਡੀ. oospunjab@punjabeduction.gov.inਤੇ ਹਸਤਾਖਰਾਂ ਸਹਿਤ ਇਹ ਸਰਟੀਫਿਕੇਟ ਮਿਤੀ 16.12.2024 ਤੱਕ ਭੇਜਣਗੇ ਕਿ ਉਹਨਾਂ ਦੇ ਜ਼ਿਲ੍ਹੇ ਅਧੀਨਸਾਰੇ ਪਿੰਡਾਂ/ਵਾਰਡਾਂ ਅਤੇ ਹੋਰ ਖੇਤਰਾਂ (ਸਮੇਤ ਪੱਤਰ ਦੇ ਲੜੀ ਨੰ. 8.0 ਵਿੱਚ ਦਰਸਾਏ ਅਨੁਸਾਰ) ਨੂੰ ਘਰੋਂ-ਘਰੀ ਸਰਵੇਖਣ ਦੌਰਾਨ ਕਵਰ ਕਰ ਲਿਆ ਗਿਆ ਹੈ। ਜ਼ਿਲ੍ਹੇ ਵਿਚ 3 ਤੋਂ 19 ਉਮਰ ਗਰੁੱਪ ਦਾ ਕੋਈ ਵੀ ਬੱਚਾ ਸਰਵੇਖਣ ਤੋਂ ਵਾਂਝਾ ਨਹੀਂ ਰਿਹਾ ਹੈ। ਸਾਰੇ ਸਕੂਲੋਂ ਵਿਰਵੇ ਬੱਚਿਆਂ ਦੇ ਵੇਰਵੇ ਸੰਬੰਧਿਤ ਪ੍ਰੋਫਾਰਮੇ ਵਿੱਚ ਦਰਜ ਕਰ ਲਏ ਗਏ ਹਨ।

8) ਸਰਟੀਫਿਕੇਟ ਦੇ ਨਾਲ ਸਰਵੇਖਣ ਸੰਬੰਧੀ Consolidated Report ਹਸਤਾਖਰ ਸਹਿਤ ਭੇਜੀ ਜਾਵੇ। (ਨਿਰਧਾਰਤ ਫਾਰਮੇਟ ਨਾਲ ਨੱਥੀ ਕੀਤੇ ਗਏ ਹਨ)

14.11.24

## ਸਾਲ 2025-26 ਦੇ ਸਕੂਲੋਂ ਵਿਰਵੇ ਬੱਚਿਆਂ ਲਈ ਘਰੋਂ-ਘਰੀ ਸਰਵੇਖਣ ਲਈ ਪ੍ਰੋਫਾਰਮਾਂ

ਜ਼ਿਲ੍ਹਾ……… ਤਹਿਸੀਲ………….. ਬਲਾਕ……………….. ਸਰਵੇ ਦਾ ਸਥਾਨ ( ਪਿੰਡ/ਸ਼ਹਿਰ) ……..……………………ਜਿਸ ਸਕੂਲ ਵੱਲੋਂ ਸਰਵੇ ਕੀਤਾ ………………… ਸਰਵੇ ਦੀ ਮਿਤੀ……….

| Sl. No | Name of the child | Name of Father | Name of Mother | Name of Local Guardian | Aadhar Number of Child | Gender (M/ F/ Transgender) | Social Category ( SC / ST / BC / OBC / Gen / Others) | Religion (Hindu / Sikh / Muslim / Christian / Others) | Date of Birth | Age (in Years) | Disability Status | Enrollment details(Never Enrolled (NE)/ Drop Out (DO) | Last Class in Which Child Enrolled | Approximate Period of Drop outs in months | Training, mention Number of months | Mode of Special Training Proposed (Residential (R) / Non-Residential (NR) | Mobile No | Current Address of Child | Residence Details(Permanent Resident(PR) / Migrant from other State (MO) | If migrant from other state, Enter Previous complete Address | Living Status of Child |
|---|---|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 11 | 12 | 8 | 9 | 10 | 13 | 14 | 15 | 16 | 17 | 18 | 19 | 20 | 21 | 22 |
| | | | | | | | | | | | | | | | | | | | | | |
| | | | | | | | | | | | | | | | | | | | | | |
| | | | | | | | | | | | | | | | | | | | | | |
| | | | | | | | | | | | | | | | | | | | | | |

**For disability status and living status of child please mention Number from list given below.**

| | |
|---|---|
| **Disability Status** | 1. Ortho, 2.Acid Attack victim ,3. Autism Spectrum Disorder, 4. Blindness, 5.Cerebral palsy, 6.Chronic Neurological conditions, 7. Dwarfism 8. Hearing impairment (deaf and hard of hearing), 9.Hemophilia,10. Intellectual Disability, 11. Leprosy Cured persons, 12.Locomotors Disability,13. Low-vision, 14. Mental Illness,15.Multiple Disability including deaf, blindness, 16.Multiple Sclerosis, 17.Muscular Dystrophy,18. Parkinson's disease 19.Sickle Cell disease, 20. Specific Learning Disabilities, 21. Speech and Language disability, 22. Thalassemia |
| **Living Status of Child** | Children of Construction Workers, 2. Children of Migrate Families, 3.Children of Nomadic Tribes, 4.Children at Traffic Signals, 5. Living or Working in Streets, 6. Children without Adult Protection, 7. Under Flyovers, 8. Children working as Domestic Help, 9. Children Working in Dhabas, 10. Eateries, 11.Garages, 12. Rag Picker, 13. Children of Pavement Dwellers, 14. Children in Slums, 15. Children Living on Railway Stations, 16. Orphans, 17. Baggers, 18. Living on Brick Plants |

# ਲਾਜ਼ਮੀ ਤਾਲੀਮ ਦਾ ਘਰਵਾਰ ਵੇਰਵਾ

| ਲੜੀ ਨੰ: | ਘਰ ਦਾ ਪਤਾ | ਪਰੀਵਾਰ ਦੇ ਮੁੱਖੀ ਦਾ ਵੇਰਵਾ | 6-14 ਸਾਲ ਦੇ ਬੱਚੇ | | | 6-14 ਸਾਲ ਦੇ ਬੱਚਿਆਂ ਦੇ ਨਾਮ | ਜਨਮ ਮਿਤੀ | ਉਮਰ ਗਰੁੱਪ | ਬੱਚੇ ਨਾਲ ਮੁੱਖੀ ਦਾ ਰਿਸ਼ਤਾ | ਸ੍ਰੈਣੀ (✓ ਜਾਂ × ਕਰੋ) | | | | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|---|
| | | | ਮੁੰਡੇ | ਕੁੜੀ | ਜੋੜ | | | | | ਜਨਰਲ | ਬੀ.ਸੀ. | ਐਸ.ਸੀ. | ਐਸ.ਟੀ. | ਮੁਸਲਿਮ | ਕੋਈ ਹੋਰ | |
| 1 | | | | | | | | | | | | | | | | |
| 2 | | | | | | | | | | | | | | | | |
| 3 | | | | | | | | | | | | | | | | |
| 4 | | | | | | | | | | | | | | | | |
| 5 | | | | | | | | | | | | | | | | |

# ਬੱਚਿਆਂ ਨੂੰ ਸੂਚੀ ਬੱਧ ਕਰਨ ਦਾ ਰਜਿਸਟਰ

**ਜ਼ਿਲ੍ਹਾ :-** **ਸਿੱਖਿਆ ਬਲਾਕ :** **ਸੀ.ਡੀ. ਬਲਾਕ :-**

| ਲੜੀ ਨੰ | ਪਿੰਡ ਦਾ ਨਾਮ | ਅਬਾਦੀ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਸ੍ਰੈਣੀ (✓ ਜਾਂ × ਕਰੋ) | | | | | ਸਕੂਲ ਦਾ ਨਾਮ ਜਿਥੇ ਬੱਚਾ ਦਾਖਲ ਹੋਇਆ ਹੈ/ ਪੜ੍ਹਦਾ ਹੈ। | ਸਕੂਲ ਦਾ ਦਾਖਲਾ ਨੰਬਰ | ਸਕੂਲ ਵਿੱਚ ਦਾਖਲ ਹੋਣ ਦੀ ਮਿਤੀ | ਵਿਸ਼ੇਸ਼ ਕਥਨ | ਐਨਲਿਸਟ ਸਰਵੇ ਕਰਨ ਵਾਲੇ ਵਲੰਟੀਅਰ ਦੇ ਪੂਰੇ ਹਸਤਾਖਰ |
|---|---|---|---|---|---|---|---|---|---|---|---|---|---|---|---|---|
| | | | | | | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | | | | | |
| 1. | | | | | | | | | | | | | | | | |